# 7
# ਦਾਊਦ
## ਖ਼ੁਦਾਈ ਮਨ ਦੇ ਅੰਦਰ ਦੀ ਇਕ ਝਲਕ

''ਮਸ਼ਹੂਰੀ'' ਅਤੇ ''ਖੁਸ਼ਹਾਲੀ'' ਇਨਸਾਨ ਦੀਆਂ ਦੋ ਵੱਡੀਆਂ ਖਾਹਿਸ਼ਾਂ ਹੁੰਦੀਆਂ ਹਨ। ਇਤਿਹਾਸ ਦੇ ਸਫ਼ਿਆਂ ਉੱਤੇ ਆਪਣੀ ਛਾਪ ਛੱਡਣ ਦੀ ਬੇਕਾਰ ਕੋਸ਼ਿਸ਼ ਵਿਚ ਕਈ ਜਾਨਾਂ ਐਵੇਂ ਹੀ ਬਰਬਾਦ ਕਰ ਦਿੱਤੀਆਂ ਗਈਆਂ।

ਸਿਕੰਦਰ ਮਹਾਨ ਨੇ ਡਿਯੋਜੀਨਸ ਤੋਂ ਕੁਝ ਸਵਾਲਾਂ ਦੇ ਜਵਾਬ ਪੁੱਛੇ ਅਤੇ ਬਦਲੇ ਵਿਚ ਮੂੰਹ ਮੰਗੀ ਮੁਰਾਦ ਪੂਰੀ ਕਰਨ ਲਈ ਆਖਿਆ। ਦਾਰਸ਼ਨਿਕ ਨੇ ਅਮਰਤਾ ਦਾ ਛੋਟੇ ਤੋਂ ਛੋਟਾ ਹਿੱਸਾ ਮੰਗ ਲਿਆ। ''ਇਹ ਇਨਾਮ ਮੈਂ ਨਹੀਂ ਦੇ ਸਕਦਾ,'' ਸਿਕੰਦਰ ਨੇ ਕਿਹਾ। ਡਿਯੋਜੀਨਸ ਨੇ ਪੁੱਛਿਆ, ''ਤਾਂ ਫਿਰ ਇਹ ਜਾਣਦੇ ਹੋਏ ਵੀ ਕਿ ਸਿਕੰਦਰ ਇਕ ਪਲ ਦਾ ਅਨੰਦ ਆਪਣੇ ਆਪ ਨੂੰ ਦੇਣ ਦਾ ਭਰੋਸਾ ਨਹੀਂ ਦੇ ਸਕਦਾ, ਦੁਨੀਆਂ ਉੱਤੇ ਫ਼ਤਹਿ ਪਾਉਣ ਲਈ ਐਨੀ ਤਕਲੀਫ਼ ਕਿਉਂ ਝੱਲਦਾ ਹੈ?'' ਸਿਕੰਦਰ ਚਾਹੁੰਦਾ ਸੀ ਕਿ ਉਹਨੂੰ ਯਾਦ ਰੱਖਿਆ ਜਾਵੇ ਯਾਨੀ ਉਹ ਹਮੇਸ਼ਾ ਤਕ ਮਸ਼ਹੂਰ ਹੋਣ ਦਾ ਅਨੰਦ ਪਾਉਣਾ ਚਾਹੁੰਦਾ ਸੀ। ਅੱਜ ਬਹੁਤ ਸਾਰੇ ਲੋਕਾਂ ਦੀ ਇਹੀ ਇੱਛਾ ਹੈ।

ਹਮੇਸ਼ਾ ਲਈ ਮਸ਼ਹੂਰ ਹੋਣ ਦਾ ਅਨੰਦ ਪਾਉਣ ਵਾਲਾ ਸ਼ਖ਼ਸ ਯੱਸੀ ਦਾ ਪੁੱਤਰ ਦਾਊਦ ਹੈ। ਉਹਦੀ ਮਸ਼ਹੂਰੀ ਦੁਨੀਆਂ ਵੱਲੋਂ ਪਿਆਰਾ ਸਮਝੀਆਂ ਜਾਣ ਵਾਲੀਆਂ ਖੂਬੀਆਂ ਦੇ ਅਧਾਰ ਤੇ ਹੋ ਸਕਦੀ ਹੈ (16:18)। ਪਰ ਦਾਊਦ ਦੀ ਮਸ਼ਹੂਰੀ ਅਤੇ ਖੁਸ਼ਹਾਲੀ ਲਈ ਉਹਦੀ ਇੱਕੋ ਹੀ ਖੂਬੀ ਕਾਫ਼ੀ ਸੀ। ਦਾਊਦ ਹਮੇਸ਼ਾ ਲਈ ਇਸ ਕਰਕੇ ਮਸ਼ਹੂਰ ਹੈ ਕਿਉਂਕਿ ਉਹਦਾ ਮਨ ਖ਼ੁਦਾਈ ਹੈ! 1 ਸਮੂਏਲ 13:14 ਕਹਿੰਦਾ ਹੈ ਕਿ ਦਾਊਦ ''ਖ਼ੁਦਾ ਦੇ ਮਨ ਦੇ ਅਨੁਸਾਰੀ'' ਮਨੁੱਖ ਸੀ।

ਦਾਊਦ ਦੇ ਖ਼ੁਦਾਈ ਮਨ ਤੇ ਧਿਆਨ ਦਿਓ, ਜਿਸ ਨੇ ਇਸ ਛੋਟੇ ਆਜੜੀ ਨੂੰ ਚੁਣਿੰਦਾ ਲੋਕਾਂ ਦੀ ਕਤਾਰ ਵਿਚ ਖੜਾ ਕਰ ਦਿੱਤਾ। 13:14 ਦੇ ਸ਼ਬਦ ਉਸ ਸਮੇਂ ਆਖੇ ਗਏ ਸਨ ਜਦ ਦਾਊਦ ਕਾਫ਼ੀ ਛੋਟਾ ਸੀ। ਉਸ ਨੇ ਤਈ ਤੋਂ ਤੀਹ ਸਾਲ ਦੀ ਉਮਰ ਵਿਚ ਹਕੂਮਤ ਕਰਨੀ ਸ਼ੁਰੂ ਕਰ ਦਿੱਤੀ; ਇਸ ਕਰਕੇ ਇਹ ਵਾਕ ਸ਼ਾਊਲ ਦੀ ਹਕਮੂਤ ਦੇ ਖ਼ਤਮ ਹੋਣ ਤੋਂ ਦਸ ਪੰਦਰਾਂ ਸਾਲ ਪਹਿਲਾਂ ਕਿਹਾ ਗਿਆ ਹੋਵੇਗਾ। ਇਹ ਸ਼ਬਦ ਸਿਰਫ਼ ਰਸੂਲਾਂ ਦੇ ਕੰਮ 13:22 ਵਿਚ ਮਿਲਦੇ ਹਨ। ਸਮੂਏਲ ਵੱਲੋਂ ਕਹੇ ਗਏ ਇਹ ਸ਼ਬਦ ਸ਼ਾਊਲ ਦੇ ਸੁਭਾਅ ਨਾਲੋਂ ਫ਼ਰਕ ਕਰਨ ਲਈ ਪਾਠਕ ਵਾਸਤੇ ਹਨ। ਦਾਊਦ ਭਾਵੇਂ ਸਿੱਧ ਨਹੀਂ ਸੀ, ਖ਼ਾਸ ਕਰਕੇ ਬਾਅਦ ਦੇ ਬਾਲਗ ਸਾਲਾਂ ਵਿਚ, ਪਰ ਉਸ ਦਾ ਰਵੱਈਆ ਖ਼ੁਦਾ ਦੀ ਖੋਜ ਕਰਨ ਵਾਲਾ ਹੀ ਸੀ। ਇਹੀ ''ਮਨ'' ਸਾਡਾ ਧਿਆਨ ਆਪਣੇ ਵੱਲ ਖਿੱਚਦਾ ਹੈ। ਇਹ ਬੇਸ਼ਕੀਮਤੀ ਖੂਬੀ ਦੇ ਮੋਤੀਆਂ ਨਾਲ ਤਿਆਰ ਹੋਇਆ ਹੈ।

### ਖ਼ੁਦਾਈ ਮਨ ਦੀ ਮਿਲਖ

*ਦਾਊਦ ਨੂੰ ਦੱਬੇ ਕੁਚਲੇ ਲੋਕਾਂ ਦੀ ਪਰਵਾਹ ਸੀ (23:5)।* ਸ਼ਾਊਲ ਦੇ ਸਾੜੇ ਨੇ ਦਾਊਦ ਨੂੰ ਭਗੌੜੇ ਵਾਲੀ ਜ਼ਿੰਦਗੀ ਕੱਟਣ ਲਈ ਮਜਬੂਰ ਕਰ ਦਿੱਤਾ ਸੀ। ''ਭੱਜਦੇ ਭੱਜਦੇ'' ਦਾਊਦ ਨੇ

ਇਕ ਫ਼ੌਜ ਤਿਆਰ ਕਰ ਲਈ ਅਤੇ ਅਜ਼ਾਦ ਨਿਆਂ ਦੁਆਉਣ ਵਾਲਾ ਬਣ ਗਿਆ। 1 ਸਮੂਏਲ 23 ਵਿਚ ਉਸ ਨੇ ਇਕ ਇਸਰਾਏਲੀ ਸਰਹੱਦੀ ਸ਼ਹਿਰ ਬਾਰੇ ਸੁਣਿਆ ਜਿਸ ਦੇ ਲੋਕਾਂ ਨੂੰ ਫ਼ਲਿਸਤੀਆਂ ਵੱਲੋਂ ਤੰਗ ਕੀਤਾ ਜਾ ਰਿਹਾ ਸੀ। ਸ਼ਾਊਲ ਭਾਵੇਂ ਹੱਥ ਧੋ ਕੇ ਦਾਊਦ ਦੇ ਪਿੱਛੇ ਪਿਆ ਹੋਇਆ ਸੀ, ਪਰ ਉਹ ਉਨ੍ਹਾਂ ਲੋਕਾਂ ਦੀ ਮਦਦ ਕਰਨ ਤੋਂ ਉਹਨੂੰ ਰੋਕ ਨਹੀਂ ਸਕਿਆ।

ਇਹ ਇਕ ਨੇਕ ਕੰਮ ਸੀ। ਜੇ ਦਾਊਦ ਦਾ ਮਨ ਹੋਰ ਬਹੁਤ ਸਾਰੇ ਲੋਕਾਂ ਵਰਗਾ ਹੁੰਦਾ ਤਾਂ ਉਹ ਬਦਲਾ ਲੈਣ ਦੀ ਖਾਹਿਸ਼ ਰੱਖਦਾ, ਜਿਸ ਨਾਲ ਹਮਲੇ ਵਿਚ ਉਸ ਨੂੰ ਅਨੰਦ ਮਿਲਦਾ ਕਿਉਂਕਿ ਇਸ ਨਾਲ ਬਾਦਸ਼ਾਹ ਦੇ ਰੂਪ ਵਿਚ ਸ਼ਾਊਲ ਦੀ ਤਾਕਤ ਦਾ ਪਤਾ ਲਗ ਜਾਣਾ ਸੀ। ਪਰ ਆਪਣੇ ਦੱਬੇ ਕੁਚਲੇ ਭਾਈਆਂ ਲਈ ਦਾਊਦ ਦੇ ਲਗਾਅ ਨੇ ਉਸ ਨੂੰ ਉਨ੍ਹਾਂ ਦੀ ਮਦਦ ਕਰਨ ਲਈ ਮਜਬੂਰ ਕੀਤਾ। ਖ਼ੁਦਾਈ ਮਨ ਦੂਜਿਆਂ ਦੀ ਸੇਵਾ ਕਰਨ ਦੀ ਇੱਛਾ ਨਾਲ ਆਪਣੇ ਲਈ ਕੋਈ ਦਿਲਚਸਪੀ ਨਹੀਂ ਰੱਖਦਾ (ਤੁਲਨਾ ਫ਼ਿਲਿੱਪੀਆਂ 2:3, 4; 1 ਕੁਰਿੰਥੀਆਂ 10:24; 12:25–27)। ਦੱਬੇ ਕੁਚਲੇ ਲੋਕਾਂ ਨਾਲ ਇਹ ਲਗਾਅ ਖ਼ੁਦਾ ਦੇ ਆਪਣੇ ਮਨ ਵਿਚ ਆਇਆ ਸੀ (ਜ਼ਬੂਰ 86:5, 13, 15, 16; ਯਾਕੂਬ 5:11.)

*ਦਾਊਦ ਦੁਸ਼ਮਣਾਂ ਨਾਲ ਦਿਆਲੂ ਸੀ (24:5, 10, 19)।* ਸ਼ਾਊਲ ਦੀ ਜਾਨ ਉਸ ਦੇ ਹੱਥ ਵਿਚ ਸੀ। ਉਸਦੇ ਇੱਕੋ ਇਸ਼ਾਰੇ ਤੇ ਸ਼ਾਊਲ ਖ਼ਤਮ ਹੋ ਗਿਆ ਹੁੰਦਾ। ਪਰ ਦਾਊਦ ਨੇ ਉਸ ਨੂੰ ਮਾਰਨਾ ਨਾ ਚਾਹਿਆ ਕਿਉਂ ਜੋ ਉਸ ਨੇ ਆਪਣੇ ਸਭ ਤੋਂ ਵੱਡੇ ਦੁਸ਼ਮਣ ਤੇ ਰਹਿਮ ਕਰਨ ਦਾ ਫ਼ੈਸਲਾ ਕਰ ਲਿਆ ਸੀ!

*ਰਹਿਮ ਕਰਨ ਤੋਂ ਵਧ ਕੇ ਖ਼ੁਦਾ ਦੇ ਮਨ ਅਨੁਸਾਰ ਹੋਣਾ ਹੋਰ ਕਿਹੜਾ ਗੁਣ ਹੋ ਸਕਦਾ ਹੈ?* (ਤੁਲਨਾ ਤੀਤੁਸ 3:3–7; ਅਫ਼ਸੀਆਂ 2:4, 5)। ਦਿਆ ਤੇ ਧਿਆਨ ਕੇਂਦ੍ਰਿਤ ਕਰ ਕੇ ਅਤੇ ਉਸ ਨੂੰ ਆਪਣੇ ਮਨ ਵਿਚ ਥਾਂ ਦੇ ਕੇ ਅਸੀਂ ਵਧੀਆ ਕਰਾਂਗੇ। ਇੰਗਲੈਂਡ ਦੇ ਇਕ ਅਮੀਰ ਆਦਮੀ ਦੀ ਕਹਾਣੀ ਹੈ, ਜਿਸ ਨੂੰ ਗੁੱਸਾ ਬਹੁਤ ਆਉਂਦਾ ਸੀ। ਉਸ ਨੇ ਇਸ ਦਾ ਇਲਾਜ ਮਸੀਹ ਦਾ ਅਧਿਐਨ ਕਰਕੇ ਕੀਤਾ ਸੀ। ਜ਼ਖ਼ਮਾਂ ਅਤੇ ਬੇਇੱਜ਼ਤ ਹੋਣ ਦੇ ਬਾਵਜੂਦ ਸਾਡੇ ਪ੍ਰਭੂ ਦੇ ਹੌਂਸਲੇ ਨਾਲ ਉਸ ਅਮੀਰ ਨੂੰ ਕਾਫ਼ੀ ਸੋਚਣ ਦਾ ਮੌਕਾ ਮਿਲਿਆ ਸੀ। ਜਦ ਵੀ ਉਹ ਗੁੱਸਾ ਕਰਨ ਦੀ ਅਜ਼ਮਾਇਸ਼ ਵਿਚ ਪੈਂਦਾ ਤਾਂ ਮਸੀਹ ਦਾ ਧਿਆਨ ਕਰ ਲੈਂਦਾ ਸੀ। ਛੇਤੀ ਹੀ ਉਸ ਦਾ ਮਨ ਮਸੀਹ ਦੇ ਦਿਆਲੂ ਮਨ ਵਿਚ ਬਦਲ ਗਿਆ ਸੀ!

*ਆਪਣੇ ਸਤਾਉਣ ਵਾਲਿਆਂ ਨਾਲ ਦਾਊਦ ਵਿਵੇਕੀ ਸੀ (25:23ਤੋਂ)।* ਦਾਊਦ ਆਪਣੇ ਨਰਮ ਦਿਲ ਦੇ ਕਾਰਣ ਅਬੀਗੈਲ ਦੀ ਗੱਲ ਸਮਝ ਸਕਿਆ ਸੀ। ਉਹ ਇਕ ਵਿਵੇਕੀ ਆਦਮੀ ਸੀ, ਜਿਸ ਕਾਰਣ ਦੂਜੇ ਨੂੰ ਨੁਕਸਾਨ ਪਹੁੰਚਾਉਣ ਵਾਲੀ ਗਲਤੀ ਨਹੀਂ ਕਰਦਾ ਸੀ (ਤੁਲਨਾ 25:32–35)।

*ਵਿਵੇਕੀ ਹੋਣਾ ਸਾਡੇ ਮਹਾਨ ਖ਼ੁਦਾ ਦੀ ਖ਼ਾਸ ਖ਼ੂਬੀ ਹੈ।* ਸਜ਼ਾ ਦੇਣ ਵਿਚ ਕਦੇ ਕਾਹਲੀ ਨਾ ਕਰੋ, ਸਾਡਾ ਖ਼ੁਦਾ ਆਪਣੇ ਸਭ ਫ਼ੈਸਲੇ ਵਿਵੇਕ ਨਾਲ ਲੈਂਦਾ ਹੈ (ਉਤਪਤ 6:3; 1 ਪਤਰਸ 3:20)। ਇਸ ਤਰਕ ਦੀ ਕਈ ਲੋਕ ਕਈ ਵਾਰ ਦੁਰਵਰਤੋਂ ਵੀ ਕਰਦੇ ਹਨ, ਜਿਨ੍ਹਾਂ ਦੀ ਮਦਦ ਖ਼ੁਦਾ ਕਰਨਾ ਚਾਹੁੰਦਾ ਹੈ (ਨਹਮਯਾਹ 9:28–31)। ਬਹੁਤ ਸਾਰੇ ਲੋਕਾਂ ਵਿਚ ਖ਼ੁਦਾਈ ਮਨ ਦੀ ਇਹ ਖ਼ੂਬੀ ਨਹੀਂ ਹੁੰਦੀ ਹੈ। ਅਸੀਂ ਨਿਆਂ ਦੇ ਸਾਹਮਣੇ ਅਤੇ ਦੂਜਿਆਂ ਦਾ ਨਿਆਂ ਕਰਨ ਵਿਚ ਬਹੁਤ ਹੀ ਉਤਾਵਲੇ ਹੁੰਦੇ ਹਾਂ (ਗਲਾਤੀਆਂ 5:22; ਅਫ਼ਸੀਆਂ 4:1, 2)।

*ਦਾਊਦ ਨੇ ਬੁਰਿਆਈ ਨਾਲ ਤਾਕਤ ਅਤੇ ਬੇਹੱਦ ਨਫ਼ਰਤ ਵਿਖਾਈ (17:32ਤੋਂ)।* ਗਥ

ਵਾਸੀ ਦਿਓ ਨੂੰ ਇਸ ਲਈ ਮਾਰਿਆ ਗਿਆ ਸੀ ਕਿਉਂਕਿ ਉਸ ਦਾ ਮਨ ਬੁਰਿਆਈ ਨਾਲ ਭਰਿਆ ਸੀ। ਦਾਊਦ ਨੇ ਗੋਲੀਅਥ ਦੇ ਸਾਹਮਣੇ ਖੜਾ ਹੋ ਕੇ ਦਲੇਰੀ ਨਾਲ ਖ਼ੁਦਾ ਵਿਚ ਆਪਣੀ ਸ਼ਕਤੀ ਦਾ ਐਲਾਨ ਕੀਤਾ (17:45, 50)। ਖ਼ੁਦਾ ਵਰਗਾ ਮਨ ਰੱਖਣ ਵਾਲੇ ਸਾਰੇ ਲੋਕ ਬੁਰਿਆਈ ਨੂੰ ਜ਼ਰਾ ਵੀ ਬਰਦਾਸ਼ਤ ਨਹੀਂ ਕਰ ਸਕਦੇ (ਨਹੂਮ 1:6)। ਸ਼ਕਤੀਸ਼ਾਲੀ ਖ਼ੁਦਾਈ ਮਨ ਰੱਖਣ ਵਾਲਾ ਵਿਸ਼ਵਾਸੀ ਆਪਣੇ ਅਤੇ ਪਾਪ ਵਿਚਕਾਰ ਇਕ ਲੀਕ ਖਿੱਚ ਲੈਂਦਾ ਹੈ ਅਤੇ ਉਸ ਨੂੰ ਕਦੇ ਪਾਰ ਨਾ ਕਰਨ ਦੀ ਕੋਸ਼ਿਸ਼ ਕਰਦਾ ਹੈ ਕਿਉਂਕਿ ਉਸ ਦੇ ਅੰਦਰ ਬੁਰਿਆਈ ਵਾਸਤੇ ਖ਼ੁਦਾ ਦੀ ਨਫ਼ਰਤ ਹੈ (ਤੁਲਨਾ ਰੋਮੀਆਂ 6:1, 2; ਅਫ਼ਸੀਆਂ 5:7–11; 1 ਥੱਸਲੁਨੀਕੀਆਂ 4:4)।

*ਦਾਊਦ ਨੇ ਮਾਫ਼ ਕੀਤਾ (26:21)।* ਦਾਊਦ ਕੋਲ ਸ਼ਾਊਲ ਨੂੰ ਮਾਰਨ ਦਾ ਇਹ ਦੂਜਾ ਮੌਕਾ ਸੀ। ਪਹਿਲਾ ਮੌਕਾ ਕਈ ਸਾਲ ਪਹਿਲਾਂ ਮਿਲਿਆ ਸੀ (24:2); ਪਰ ਸ਼ਾਊਲ ਦਾ ਵਾਅਦਾ ਪੂਰਾ ਨਹੀਂ ਕੀਤਾ ਗਿਆ ਸੀ। ਉਸ ਦੇ ਸਿਰ ਦਾ ਇਨਾਮ ਹਾਲੇ ਵੀ ਰੱਖਿਆ ਹੋਇਆ ਸੀ ਜਿਸ ਦੇ ਲਈ ਸ਼ਾਊਲ ਹੀ ਜ਼ਿੰਮੇਵਾਰ ਸੀ! 26:21 ਵਿਚ ਮਿਲਣ ਵਾਲੀ ਸਫ਼ਾਈ ਨੂੰ ਦਾਊਦ ਨੇ ਗੰਭੀਰਤਾ ਨਾਲ ਨਹੀਂ ਲਿਆ ਸੀ ਕਿਉਂਕਿ ਸ਼ਾਊਲ ਵੱਲੋਂ ਉਸ ਨੂੰ ਮਹਿਲ ਪਰਤਣ ਦਾ ਸੱਦਾ ਮਿਲਣ ਦੇ ਬਾਅਦ ਵੀ ਉਹ ਆਪਣੇ ਰਾਹ ਚਲਿਆ ਗਿਆ ਸੀ।

ਸਾਨੂੰ ਅਜਿਹਾ ਮਨ ਬਣਾਉਣਾ ਚਾਹੀਦਾ ਹੈ ਜਿਸ ਵਿਚ ਮਾਫ਼ੀ ਲਈ ਥਾਂ ਹੋਵੇ (ਮੱਤੀ 18:35; 6:12; ਕੁਲੁੱਸੀਆਂ 3:13)। ਸਾਡੇ ਮਨ ਖ਼ੁਦਾ ਦੇ ਮਨ ਵਰਗੇ ਹੋਣੇ ਚਾਹੀਦੇ ਹਨ, ਜਿਹੜੇ ਪ੍ਰੇਮ ਅਤੇ ਉਹਦੇ ਵਿਚ ਪਾਈ ਜਾਣ ਵਾਲੀ ਮਾਫ਼ੀ ਨਾਲ ਉੱਭਰ ਰਹੇ ਹੋਣ (ਹੋਸ਼ੇਆ 6:1, 2; ਯੂਨਾਹ 4:2)।

*ਦਾਊਦ ਨੇ ਅਧਿਕਾਰ ਲਈ ਸਨਮਾਨ ਵਿਖਾਇਆ (29:9, 10)।* ਭਾਵੇਂ ਸ਼ਾਊਲ ਮਾਰੇ ਜਾਣ ਦੇ ਯੋਗ ਸੀ, ਪਰ ਦਾਊਦ ਨੇ ਅਧਿਕਾਰ ਦੇ ਅਹੁਦੇ ਨੂੰ ਜਿਹੜਾ ਉਸ ਨੂੰ ਖ਼ੁਦਾ ਵੱਲੋਂ ਮਿਲਿਆ ਸੀ, ਸਨਮਾਨ ਵਿਖਾਇਆ। ਆਪਣੇ ਸਾਰੇ ਵਿਹਾਰ ਵਿਚ ਦਾਊਦ ਨੇ ਮੰਨਿਆ ਕਿ ਸ਼ਾਊਲ ਇਸਰਾਏਲ ਦਾ ਬਾਦਸ਼ਾਹ ਸੀ। ਦਾਊਦ ਨੇ ਕਦੇ ਵੀ ਖ਼ੁਦਾ ਦੇ ਬਣਾਏ ਨਿਯਮਾਂ ਨੂੰ ਬਦਲਣ ਦੀ ਕੋਸ਼ਿਸ਼ ਨਹੀਂ ਕੀਤੀ, ਅਤੇ ਉਸ ਦੇ ਵਿਹਾਰ ਰਾਹੀਂ ਖ਼ੁਦਾ ਦੀ ਇੱਛਾ ਪੂਰੀ ਹੋਈ।

ਖ਼ੁਦਾਈ ਮਨ ਖ਼ੁਦਾ ਦੇ ਨਿਯਮਾਂ ਦਾ ਪਾਲਣ ਕਰਨ ਦੀ ਧੁਨ ਵਿਚ ਰਹਿੰਦੇ ਹਨ। ਖ਼ੁਦਾਈ ਮਨ ਖੁਦਾ ਨਾਲ ਮੇਲ ਖਾਣਗੇ, ਉਸ ਵਿਚ ਕਦੇ ਸੁਧਾਰ ਨਹੀਂ ਕਰਨਗੇ ਅਤੇ ਨਾ ਹੀ ਉਨ੍ਹਾਂ ਨੂੰ ਨਕਾਰਨਗੇ (ਅਜ਼ਰਾ 7:10)।

ਕਿਸੇ ਨੇ ਕਿਹਾ ਹੈ, ''ਇਨਸਾਨ ਦਾ ਮਨ ਬਲਦੀ ਰਹਿਣ ਵਾਲੀ ਫੁੱਲਝੜੀ ਹੈ। ਜੇ ਤੁਸੀਂ ਇਸ ਨੂੰ ਖ਼ੁਦਾ ਦੇ ਪਿਆਰ ਦੇ ਵਿਚਾਰਾਂ ਨਾਲ ਬਲਦਾ ਰੱਖੋਗੇ ਤਾਂ ਇਸ ਵਿਚ ਖ਼ੁਦਾ ਅਤੇ ਮਨੁੱਖ ਦੋਹਾਂ ਲਈ ਪ੍ਰੇਮ ਦੀ ਇਕ ਲਾਟ ਨਿਕਲੇਗੀ। ਪਰ ਜੇ ਤੁਸੀਂ ਆਪਣੇ ਪ੍ਰੇਮ ਦੇ ਵਿਹਾਰਾਂ ਨਾਲ ਬਲਦਾ ਰੱਖੋਗੇ ਤਾਂ ਇਸ ਉੱਤੇ ਗੰਦਾ ਧੂੰਆਂ, ਬਦਬੂ ਅਤੇ ਹਨੇਰਾ ਛਾ ਜਾਵੇਗਾ।''

## ਖ਼ੁਦਾਈ ਮਨ ਦੇ ਸਬੂਤ

ਜੇ ਕਿਸੇ ਦਾ ਮਨ ਉੱਪਰ ਲਿਖੀਆਂ ਖੂਬੀਆਂ ਨਾਲ ਤਿਆਰ ਹੁੰਦਾ ਹੈ ਤਾਂ ਉਸ ਦੀ ਜ਼ਿੰਦਗੀ ਨੂੰ ਹੇਠ ਲਿਖੇ ਸਬੂਤਾਂ ਨਾਲ ਬਰਕਤ ਮਿਲ ਸਕਦੀ ਹੈ।

*ਦਾਊਦ ਦਾ ਖ਼ੁਦਾ ਦੀ ਸ਼ਕਤੀ ਵਿਚ ਭਰੋਸਾ ਅਤੇ ਵਿਸ਼ਵਾਸ ਹੋਵੇਗਾ।* ਸ਼ਾਊਲ ਨੂੰ ਆਪਣੀ ਸ਼ਕਤੀ ਤੇ ਘੁਮੰਡ ਸੀ ਜਿਸ ਕਰਕੇ ਉਹ ਨਾਕਾਮ ਹੋਇਆ ਸੀ। ਦਾਊਦ ਨੇ ਹਰ ਗੱਲ

ਵਿਚ ਖ਼ੁਦਾ ਉੱਤੇ ਭਰੋਸਾ ਰੱਖਿਆ ਅਤੇ ਉਹ ਸਫ਼ਲ ਹੋਇਆ (17:5–47; ਜ਼ਬੂਰ 115:3; 135:6)।

ਇੰਗਲੈਂਡ ਦੇ ਬਾਦਸ਼ਾਹ ਐਡਵਰਡ ਪਹਿਲੇ (1239–1307) ਦੀ ਪਵਿੱਤਰ ਭੂਮੀ ਵੇਖਣ ਦੀ ਬੜੀ ਇੱਛਾ ਸੀ। ਪਰ ਆਪਣੇ ਦੇਸ਼ ਦੇ ਹਾਲਾਤ ਕਰਕੇ ਉਹ ਵੇਖ ਨਾ ਸਕਿਆ। ਉਸ ਨੇ ਆਪਣੇ ਪੁੱਤਰ ਨੂੰ ਸਾਫ਼ ਹਦਾਇਤ ਦਿੱਤੀ ਕਿ ਉਸ ਦੀ ਮੌਤ ਦੇ ਬਾਅਦ ਉਹ ਆਪਣੇ ਪਿਤਾ ਦਾ ਦਿਲ ਉੱਥੇ ਲੈ ਜਾਵੇ। ਇਸ ਦੇ ਲਈ ਉਸ ਨੇ 32,000 ਪੌਂਡ ਵੱਖ ਰੱਖ ਛੱਡੇ ਅਤੇ 140 ਸੂਰਮਿਆਂ ਨੂੰ ਉੱਥੇ ਜਾਣ ਦਾ ਹੁਕਮ ਦਿੱਤਾ। ਇਸੇ ਤਰ੍ਹਾਂ, ਮਸੀਹੀ ਲੋਕਾਂ ਦੇ ਖ਼ੁਦਾਈ ਮਨ ਸੁਰਗ ਵਿਚ ਲੱਗੇ ਹੋਏ ਹਨ ਭਾਵੇਂ ਕਿ ਅਜੇ ਉਹ ਆਪਣੇ ਨਿਵਾਸ ਤਕ ਪਹੁੰਚੇ ਨਹੀਂ ਹਨ।

*ਦਾਊਦ ਲਈ ਮਾਫ਼ੀ ਸੀ।* ਜਦ ਸਮੂਏਲ ਨੇ ਸ਼ਾਊਲ ਦਾ ਸਾਹਮਣਾ ਕੀਤਾ ਤਾਂ ਬਾਦਸ਼ਾਹ ਭੈਭੀਤ ਨਹੀਂ ਹੋਇਆ। ਸ਼ਾਊਲ ਵੱਲੋਂ ਆਪਣੀ ਗ਼ਲਤੀ ਮੰਨਣਾ ਦਿਲੋਂ ਨਹੀਂ ਸੀ। ਨਾਥਾਨ ਦੇ ਦਾਊਦ ਕੋਲ ਜਾ ਕੇ ਉਸ ਦੀ ਗਲਤੀ ਦੱਸਣ ਵਿਚ ਕਿੰਨਾ ਫ਼ਰਕ ਹੈ। ਜ਼ਬੂਰ 51 ਦੇ ਸ਼ਬਦਾਂ ਵਿਚ ਵਿਖਾਏ ਗਏ ਸੋਗਾਂ ਨਾਲੋਂ ਵਧਕੇ ਸਪੱਸ਼ਟ ਹੋਰ ਕਿਤੇ ਨਹੀਂ ਮਿਲਦਾ।

''ਖ਼ੁਦਾ ਦਾ ਮਨ'' ਰੱਖਣ ਵਾਲੇ ਲੋਕ ਪਾਪ ਦੀ ਭਿਆਨਕ ਨਾਕਾਮੀ ਤੋਂ ਵਾਕਫ਼ ਹਨ ਅਤੇ ਖ਼ੁਦਾਈ ਭਰਪੂਰ ਮਾਫ਼ੀ ਵਿਚ ਅਨੰਦਿਤ ਹੁੰਦੇ ਹਨ (ਜ਼ਬੂਰ 38:3, 18; 1 ਯੂਹੰਨਾ 1:7, 9; ਇਬਰਾਨੀਆਂ 8:12)।

*ਦਾਊਦ ਨੇ ਖ਼ੁਦਾ ਪ੍ਰਤੀ ਸ਼ਰਧਾ ਅਤੇ ਸਮਰਪਣ ਦੀ ਇਕ ਵਿਰਾਸਤ ਵੀ ਛੱਡੀ ਹੈ।* ਭਾਵੇਂ ਉਸਨੂੰ ਮਰੇ ਸਦੀਆਂ ਬੀਤ ਚੁੱਕੀਆਂ ਹਨ, ਪਰ ਅੱਜ ਵੀ ਉਸ ਦਾ ਖ਼ੁਦਾਈ ਮਨ ਜ਼ਿੰਦਾ ਹੈ (ਰਸੂਲਾਂ ਦੇ ਕੰਮ 13:22) । ਹਾਬਲ ਵਾਂਗ ਖ਼ੁਦਾਈ ਮਨ ਵਾਲੇ ਲੋਕ ਹਮੇਸ਼ਾ ਗੱਲਾਂ ਹੀ ਕਰਦੇ ਰਹਿਣਗੇ (ਇਬਰਾਨੀਆਂ 11:4)।

## ਸਾਰ

ਦਾਊਦ ਵੱਲੋਂ ਵਿਖਾਏ ਗਏ ਖ਼ੁਦਾਈ ਮਨ ਦੇ ਗੁਣ ਸਾਡੇ ਮਹਾਨ ਖ਼ੁਦਾ ਵਿਚ ਵੀ ਮਿਲਦੇ ਹਨ: ਉਹ ਸਭ ਦੱਬੇ ਕੁਚਲਿਆਂ ਦੀ ਫ਼ਿਕਰ ਕਰਦਾ ਹੈ; ਉਸ ਦੀ ਕਿਰਪਾ ਸਭ ਲੋਕਾਂ ਲਈ ਹੈ; ਉਹ ਬੁਰਿਆਈ ਤੋਂ ਘਿਰਣਾ ਕਰਦਾ ਹੈ; ਉਹ ਝੱਟ ਮਾਫ਼ ਕਰ ਦਿੰਦਾ ਹੈ ਤਾਂ ਜੋ ਸਭ ਪਾਪ ਮਿਟ ਜਾਣ, ਉਸ ਕੋਲ ਅਧਿਕਾਰ ਹੈ ਅਤੇ ਅੰਤ ਦੇ ਦਿਨ ਉਹ ਸਾਡਾ ਨਿਆਂ ਕਰੇਗਾ।

ਯਹੂਦੀਆਂ ਦੇ ਇਕ ਮਹਾਨ ਗੁਰੂ ਨੇ ਆਪਣੇ ਵਿਦਵਾਨਾਂ ਨੂੰ ਵਿਚਾਰ ਕਰ ਕੇ ਇਹ ਦੱਸਣ ਲਈ ਕਿਹਾ ਕਿ ਉਸ ਨੂੰ ਸਹੀ ਠਹਿਰਾਉਣ ਲਈ ਕੀ ਕਰਨਾ ਚਾਹੀਦਾ ਹੈ। ਇਕ ਨੇ ਆ ਕੇ ਕਿਹਾ ਕਿ *ਅਲਵਿਦਾ* ਕਹਿਣ ਨਾਲੋਂ ਬੇਹਤਰ ਕੁਝ ਨਹੀਂ ਹੈ। ਇਕ ਹੋਰ ਨੇ *ਚੰਗਾ ਸਾਥੀ* ਆਖਿਆ। ਤੀਜੇ ਨੇ *ਚੰਗਾ ਗੁਆਂਢੀ* ਕਿਹਾ ਅਤੇ ਚੌਥੇ ਨੇ ਸੁਝਾਅ ਦਿੱਤਾ ਕਿ ਬੁੱਧ। ਅਖ਼ੀਰ ਵਿਚ ਇਕ ਨੇ ਆਣ ਕੇ ਆਖਿਆ, *ਚੰਗਾ ਦਿਲ* ਸਭ ਤੋਂ ਵਧੀਆ ਹੈ। ਗੁਰੂ ਨੇ ਜਵਾਬ ਦਿੱਤਾ, ''ਸਹੀ ਹੈ, ਤੁਸੀਂ ਉਸ ਗੱਲ ਨੂੰ ਜਿਹੜੀ ਸਭ ਨੇ ਕਹੀ ਹੈ, ਦੋ ਹੀ ਸ਼ਬਦਾਂ ਵਿਚ ਸਮਝ ਲਿਆ ਹੈ। ਕਿਉਂਕਿ ਜਿਸ ਦਾ ਮਨ ਚੰਗਾ ਹੋਵੇਗਾ ਉਹ ਸੰਤੁਸ਼ਟ, ਚੰਗਾ ਸਾਥੀ, ਚੰਗਾ ਗੁਆਂਢੀ ਹੋਵੇਗਾ ਅਤੇ ਅਸਾਨੀ ਨਾਲ ਵੇਖ ਲਵੇਗਾ ਕਿ ਉਸ ਦੇ ਲਈ ਕੀ ਚੰਗਾ ਹੈ।'' ਯੱਸੀ ਦੇ ਪੁੱਤਰ ਦਾਊਦ ਦੀ ਅਜਿਹੀ ਹੀ ਸਲਾਹ ਹੈ ਕਿ ਮਨ ਚੰਗਾ ਹੋਵੇ!